# E.J. SAND PUBLIC SCHOOL
160 Henderson Avenue, Thornhill, Ontario
L3T 2L5
Tel: 905-889-2753 Fax: 905-889-1098
Website: ejsand.ps.yrdsb.ca
Blog: ejsandps.com


York Region DISTRICT SCHOOL BOARD
*Inspire*Learning!

ਪਿਆਰੇ ਮਾਪੇ/ਸਰਪ੍ਰਸਤ ਜੀਓ:

ਮਾਪੇ ਅਤੇ ਸਰਪ੍ਰਸਤ ਵਿੱਦਿਆ ਵਿੱਚ ਸਾਡੇ ਸੱਭ ਤੋਂ ਮਜ਼ਬੂਤ ਭਾਈਵਾਲ ਹਨ ਅਤੇ ਅਸੀਂ ਤੁਹਾਡੀ ਗੱਲ ਸੁਣਨੀ ਚਾਹੁੰਦੇ ਹਾਂ। York Region District School Board ਸਾਰੇ ਮਾਪਿਆਂ ਅਤੇ ਸਰਪ੍ਰਸਤਾਂ ਨੂੰ 1 ਮਈ ਅਤੇ 19 ਮਈ 2017 ਦਰਮਿਆਨ ਇੱਕ ਸਰਵੇਖਣ ਪੂਰਾ ਕਰਨ ਦਾ ਸੱਦਾ ਦੇਂਦਾ ਹੈ। ਇਹ ਸਰਵੇਖਣ ਮਾਪਿਆਂ ਅਤੇ ਸਰਪ੍ਰਸਤਾਂ ਲਈ ਇੱਕ ਮਹੱਤਵਪੂਰਣ ਅਵਸਰ ਪ੍ਰਦਾਨ ਕਰਦਾ ਹੈ ਅਤੇ ਇਸਦੇ ਨਤੀਜੇ ਵਿੱਦਿਆਰਥੀਆਂ ਦੀ ਪ੍ਰਾਪਤੀ ਅਤੇ ਸਲਾਮਤੀ ਦੀ ਯੋਜਨਾ ਬਣਾਉਣ ਨੂੰ ਦਿਸ਼ਾ ਦੇਣ ਲਈ ਵਰਤੇ ਜਾਣਗੇ।

ਇਹ ਸਰਵੇਖਣ Board Improvement Plan ਦੀਆਂ ਪਹਿਲਤਾਵਾਂ ਨਾਲ ਮੇਲ ਖਾਂਦਾ ਹੈ ਅਤੇ ਇਸ ਵਿੱਚ ਸਕੂਲ ਦੇ ਸਿੱਖਿਆ ਵਾਤਾਵਰਣ, ਗਣਿਤ, ਵਿੱਦਿਆਰਥੀ ਮਾਨਸਿਕ ਸਿਹਤ ਅਤੇ ਸਲਾਮਤੀ, ਨਿਆਂ ਅਤੇ ਸ਼ਮੂਲੀਅਤ, ਸੰਭਾਲ ਕਰਨ ਵਾਲੇ ਅਤੇ ਸੁਰੱਖਿਅਤ ਸਕੂਲ ਬਾਰੇ ਸੁਆਲ ਸ਼ਾਮਲ ਹਨ। ਸਰਵੇਖਣ Ontario Education Act ਦੀ ਪਾਲਣਾ ਕਰਦਾ ਹੈ ਅਤੇ ਸਕੂਲੀ ਮਾਹੌਲ ਬਾਰੇ ਸਿੱਖਿਆ ਮਹਿਕਮੇ ਦੇ ਆਦੇਸ਼ ਨੂੰ ਪੂਰਾ ਕਰਦਾ ਹੈ।

ਸਰਵੇਖਣ ਨੂੰ ਪੂਰਾ ਕਰਨ ਨੂੰ ਤਕਰੀਬਨ 15 ਮਿੰਟ ਲੱਗਣਗੇ। ਸਰਵੇਖਣ ਦਾ ਅੰਗਰੇਜ਼ੀ ਰੂਪ https://www.surveymonkey.com/r/yrdsb2017ParentSurvey ਉੱਤੇ ਉਪਲਬਧ ਹੈ। ਕਾਗਜ ਉੱਤੇ ਸਰਵੇਖਣ English, Simplified Chinese, Traditional Chinese, Farsi, Gujarati, Hebrew, Korean, Punjabi, Russian, Sri Lankan Tamil, Urdu ਅਤੇ Vietnamese ਵਿੱਚ ਉਪਬਲਧ ਹਨ। **ਕ੍ਰਿਪਾ ਕਰਕੇ ਕਾਗਜ਼ ਉੱਤੇ ਛਪੀ ਕਾਪੀ ਲਈ ਬੇਨਤੀ ਕਰਨ ਵਾਸਤੇ ਸਕੂਲ ਨਾਲ ਸੰਪਰਕ ਕਰੋ।** ਜੇਕਰ ਤੁਸੀਂ ਸਰਵੇਖਣ ਕਾਗਜ਼ ਉੱਤੇ ਮੁਕੰਮਲ ਕਰਨਾ ਚੁਣਦੇ ਹੋ, ਕ੍ਰਿਪਾ ਕਰਕੇ ਇਸਨੂੰ ਨਾਲ ਦਿੱਤੇ ਲਿਫਾਫੇ ਵਿੱਚ ਪਾ ਕੇ ਸਕੂਲ ਨੂੰ ਵਾਪਸ ਕਰ ਦਿਓ।

ਅਸੀਂ ਮਾਪਿਆਂ/ਸਰਪ੍ਰਸਤਾਂ ਦੇ ਯੋਗਦਾਨ ਦੀ ਕਦਰ ਕਰਦੇ ਹਾਂ ਅਤੇ ਤੁਹਾਨੂੰ ਇਹ ਸਰਵੇਖਣ 19 ਮਈ ਤੋਂ ਪਹਿਲਾਂ ਮੁਕੰਮਲ ਕਰਨ ਦੀ ਬੇਨਤੀ ਕਰਦੇ ਹਾਂ। ਤੁਹਾਡੇ ਵੱਲੋਂ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਸਖ਼ਤੀ ਨਾਲ ਅਗਿਆਤ, ਗੁਪਤ ਅਤੇ ਸਬੰਧਿਤ ਕਨੂੰਨਾਂ ਦੇ ਅਨੁਸਾਰ ਰੱਖਿਆ ਜਾਵੇਗਾ। ਤੁਸੀਂ ਹਰ ਬੱਚੇ ਲਈ ਵੱਖਰਾ ਸਰਵੇਖਣਾ ਮੁਕੰਮਲ ਕਰਨਾ ਚੁਣ ਸਕਦੇ ਹੋ।

ਸਰਵੇਖਣ ਦੇ ਨਤੀਜੇ ਪੱਤਝੜ ਰੁੱਤ ਵਿੱਚ ਸਕੂਲ ਪ੍ਰਿੰਸੀਪਲ ਕੋਲ ਮੌਜੂਦ ਹੋਣਗੇ। ਜੇਕਰ ਕੋਈ ਸੁਆਲ ਹੋਣ ਤਾਂ ਕ੍ਰਿਪਾ ਕਰਕੇ ਸਕੂਲ ਪ੍ਰਿੰਸੀਪਲ ਨਾਲ ਸੰਪਰਕ ਕਰੋ। ਦਿੱਤੇ ਸਮਰੱਥਨ ਲਈ ਤੁਹਾਡਾ ਧੰਨਵਾਦ।

ਸ਼ੁਭਚਿੰਤਕ,